# ਅਧਿਆਇ 1

# ਬੁਰੀ ਖ਼ਬਰ ਲਈ ਨਹਮਯਾਹ ਦਾ ਜਵਾਬ

ਨਹਮਯਾਹ ਦਾ ਪਹਿਲਾ ਅਧਿਆਇ ਅਧਿਆਇ 7 ਤਕ ਹੋਣ ਵਾਲੀਆਂ ਸਭ ਗੱਲਾਂ ਲਈ ਮੰਚ ਤਿਆਰ ਕਰਦਾ ਹੈ। ਸ਼ੂਸ਼ਨ ਵਿਚ ਰਹਿ ਕੇ ਫ਼ਾਰਸ ਦੇ ਰਾਜੇ ਦੀ ਸੇਵਾ ਕਰਦਿਆਂ, ਨਹਮਯਾਹ ਨੂੰ ਜਦ ਇਹ ਪਤਾ ਲੱਗਾ ਕਿ ਯਰੂਸ਼ਲਮ ਦੀਆਂ ਕੰਧਾਂ ਢੱਠੀਆਂ ਪਈਆਂ ਹਨ ਜਿਸ ਨਾਲ ਸ਼ਹਿਰ ਅਤੇ ਇਸ ਦੇ ਲੋਕ ਅਰੱਖਿਅਤ ਹੋ ਗਏ ਹਨ, ਤਾਂ ਉਹ ਪਰੇਸ਼ਾਨ ਹੋ ਗਿਆ। ਉਸ ਨੇ ਅਫ਼ਸੋਸ ਕੀਤਾ ਅਤੇ ਦੁਆ ਕੀਤੀ ਅਤੇ ਜਿਵੇਂ ਅਗਲੇ ਅਧਿਆਇਆਂ ਤੋਂ ਪਤਾ ਲਗਦਾ ਹੈ, ਉਸ ਨੇ ਇਸ ਮੁਸ਼ਕਿਲ ਦਾ ਕੁਝ ਕਰਨ ਦਾ ਇਰਾਦਾ ਕੀਤਾ।

### **ਜਾਣ-ਪਛਾਣ** (1:1)

**[1]ਹਕਲਯਾਹ ਦੇ ਪੁੱਤਰ ਨਹਮਯਾਹ ਦੀਆਂ ਗੱਲਾਂ।**

ਨਹਮਯਾਹ ਨੇ ਆਪਣੇ ਸਾਹਿਤਕ ਕੰਮ ਦਾ ਅਰੰਭ ਆਪਣੀ ਪਛਾਣ ਦਿੰਦਿਆਂ ਕੀਤਾ।

**ਆਇਤ 1.** ਪੁਰਾਣੇ ਜ਼ਮਾਨਿਆਂ ਵਾਂਗ ਅਜ਼ਰਾ ਅਤੇ ਨਹਮਯਾਹ ਦੀਆਂ ਕਿਤਾਬਾਂ ਪਹਿਲਾਂ ਇਕੱਠੀਆਂ ਹੈ ਸਨ ਜਾਂ ਨਹੀਂ, ਪਰ **ਨਹਮਯਾਹ ਦੀਆਂ ਗੱਲਾਂ** ਵਾਕ ਅੰਸ਼ ਇਕ ਨਵੇਕਲੀ ਲਿਖਤ ਦੇ ਸਿਰਲੇਖ ਦਾ ਕੰਮ ਕਰਦਾ ਹੈ (ਵੇਖੋ ਯਿਰਮਿਯਾਹ 1:1; ਆਮੋਸ 1:1)। ਹੋ ਸਕਦਾ ਹੈ ਕਿ ਇਹ ਵਾਕ ਅੰਸ਼ ਸਿਰਫ਼ ਨਹਮਯਾਹ ਦੇ ਉੱਤਮ ਪੁਰਖ ਵਾਲੇ ਵਿਰਤਾਂਤ (ਖ਼ਾਸਕਰ 1:1—7:5) ਜਾਂ ਪੂਰੀ ਕਿਤਾਬ ਵਿਚ ਹੋਵੇ। ਇਬਰਾਨੀ ਬਾਈਬਲ ਵਿਚ ''ਨਹਮਯਾਹ'' ਇਕ ਆਮ ਨਾਂਅ ਹੈ ਜੋ ਖ਼ੁਦਾ ਵੱਲੋਂ ਤਸੱਲੀ ਦਿੱਤੇ ਜਾਣ ਦਾ ਵਿਚਾਰ ਦਿੰਦਾ ਹੈ।

ਨਹਮਯਾਹ **ਹਕਲਯਾਹ ਦਾ ਪੁੱਤਰ** ਸੀ। ''ਹਕਲਯਾਹ'' ਦਾ ਨਾਂਅ '''ਯਹੋਵਾਹ ਦੀ ਉਡੀਕ ਕਰੋ' ਤੋਂ ਲਿਆ ਗਿਆ ਹੈ''[1] ਅਤੇ ਪੁਰਾਣੇ ਨੇਮ ਵਿਚ ਸਿਰਫ਼ ਇੱਥੇ ਅਤੇ 10:1, 2 ਵਿਚ ਮਿਲਦਾ ਹੈ। ਨਹਮਯਾਹ ਦੀ ਪਛਾਣ ਨਾ ਤਾਂ ਦਾਊਦ ਅਤੇ ਨਾ ਲੇਵੀ ਦੀ ਸੰਤਾਨ ਦੇ ਰੂਪ ਵਿਚ ਦਿੱਤੀ ਗਈ ਹੈ। ਬਹੁਤੀ ਸੰਭਾਵਨਾ ਇਹ ਹੈ ਕਿ ਉਹ ਜ਼ਰੁੱਬਾਬਲ ਵਾਂਗ ਨਾ ਤਾਂ ਸ਼ਾਹੀ ਖਾਨਦਾਨ ਵਿੱਚੋਂ ਸੀ ਅਤੇ ਨਾ ਅਜ਼ਰਾ ਵਾਂਗ ਯਾਜਕ ਜਾਂ ਗ੍ਰੰਥੀ ਸੀ।[2]

### **ਯਹੂਦਾਹ ਤੋਂ ਬੁਰੀ ਖ਼ਬਰ** (1:1-3)

**[1]ਤਾਂ ਐਉਂ ਹੋਇਆ ਕਿ ਵੀਹਵੇਂ ਵਰ੍ਹੇ ਕਿਸਲੇਵ ਦੇ ਮਹੀਨੇ ਮੈਂ ਸ਼ੂਸ਼ਨ ਦੇ ਮਹਿਲ ਵਿੱਚ ਸਾਂ। [2]ਅਤੇ ਮੇਰੇ ਭਰਾਵਾਂ ਵਿੱਚੋਂ ਹਨਾਨੀ ਅਤੇ ਯਹੂਦੀਆਂ ਵਿੱਚੋਂ ਕਈ ਮਨੁੱਖ ਮੇਰੇ ਕੋਲ ਆਏ ਤਾਂ ਮੈਂ ਓਨ੍ਹਾਂ ਕੋਲੋਂ ਉਨ੍ਹਾਂ ਬਚਿਆਂ ਹੋਇਆਂ ਯਹੂਦੀਆਂ ਦੇ ਵਿਖੇ ਅਤੇ ਉਨ੍ਹਾਂ ਅਸੀਰਾਂ ਦੇ ਵਿਖੇ ਜਿਹੜੇ ਰਹਿ ਗਏ ਸਨ**

**ਅਤੇ ਯਰੂਸ਼ਲਮ ਦੇ ਵਿਖੇ ਪੁੱਛਿਆ [3]ਤਾਂ ਉਨ੍ਹਾਂ ਮੈਨੂੰ ਆਖਿਆ, ਓਹ ਬਕੀਆ ਜਿਹੜਾ ਉੱਥੇ ਸੂਬੇ ਵਿੱਚ ਅਸੀਰੀ ਵਿੱਚੋਂ ਬਚ ਰਿਹਾ ਸੀ ਵੱਡੀ ਦੁਰਦਸ਼ਾ ਅਤੇ ਨਿਰਾਦਰੀ ਵਿੱਚ ਹੈ ਅਤੇ ਯਰੂਸ਼ਲਮ ਦੀਆਂ ਕੰਧਾਂ ਢੱਠੀਆਂ ਪਈਆਂ ਹਨ ਅਤੇ ਉਸ ਦੇ ਫਾਟਕ ਅੱਗ ਨਾਲ ਜਲੇ ਹੋਏ ਹਨ।**

ਕਿਤਾਬ ਦੇ ਇਸ ਹਿੱਸੇ ਵਿਚ ਜੁੜੀਆਂ ਕਾਰਵਾਹੀਆਂ ਹੋਣ ਦਾ ਕਾਰਣ ਸ਼ੂਸ਼ਨ ਵਿਚ ਕਈ ਲੋਕਾਂ ਦਾ ਆਉਣਾ ਸੀ।[3] ਉਹ ਯਹੂਦਾਹ ਤੋਂ ਇਕ ਪਰੇਸ਼ਾਨ ਕਰਨ ਵਾਲੀ ਖ਼ਬਰ ਲੈ ਕੇ ਆਏ ਸਨ।

**ਆਇਤ 1.** ਨਹਮਯਾਹ ਦੇ ਵਿਰਤਾਂਤ ਦਾ ਅਰੰਭ ਇਹ ਕਹਿਣ ਨਾਲ ਹੁੰਦਾ ਹੈ ਕਿ ਇਹ ਪਹਿਲਾ ਟਾਕਰਾ ਕਦੋਂ ਅਤੇ ਕਿੱਥੇ ਹੋਇਆ। ਇਹ ਸਮਾਂ **ਵੀਹਵੇਂ ਵਰ੍ਹੇ** ਦਾ ਸੀ ਜਦੋਂ ਅਰਤਹਸ਼ਸ਼ਤਾ ਪਹਿਲੇ ਦੀ ਹਕੂਮਤ ਜਾਂ 445 ਈ.ਪੂ. ਦੇ ਨੇੜੇ ਤੇੜੇ ਦਾ ਸੀ। ਇਹ ਜੋ ਸਾਡੇ ਨਵੰਬਰ–ਦਸਬੰਰ ਮਹੀਨਿਆਂ ਵਿਚ ਪੈਂਦਾ ਹੈ **ਕਿਸਲੇਵ ਦੇ ਮਹੀਨੇ** ਦੀ ਗੱਲ ਹੈ। **ਸ਼ੂਸ਼ਨ** ਵਿਚਲੀ ਥਾਂ **ਮਹਿਲ** ਦੱਸੀ ਗਈ ਹੈ। ਇਬਰਾਨੀ ਸ਼ਬਦ (*birah*, *ਬਿਰਾਹ*) ਦਾ ਅਨੁਵਾਦ (NASB ਵਿਚ ''ਕੈਪਿਟੋਲ'' – ਅਨੁਵਾਦਕ), ''ਮਹਿਲ'' (KJV), ''ਕਿਲ੍ਹਾ'' (NJPSV) ਜਾਂ ''ਗੜ੍ਹੀ'' (NIV) ਹੋ ਸਕਦਾ ਹੈ। ''ਸ਼ੂਸ਼ਨ'' ਜੋ ਕਿ ''ਪੁਰਾਣੇ ਰਾਜ ਏਲਾਮ ਦੀ ਰਾਜਧਾਨੀ ਸੀ, ਦਾਰਾ ਪਹਿਲੇ ਵੱਲੋਂ ਇਸ ਨੂੰ ਫ਼ਾਰਸੀ ਹਕੂਮਤ ਦਾ ਸ਼ਾਹੀ ਨਿਵਾਸ ਅਤੇ ਪ੍ਰਬੰਧਕੀ ਰਾਜਧਾਨੀ ਬਣਾਇਆ ਗਿਆ ਸੀ, ਜਦ ਕਿ ਐਕਬਟਾਨਾ ਗਰਮੀਆਂ ਦਾ ਨਿਵਾਸ ਸੀ।''[4] (ਅਜ਼ਰਾ 6:1, 2 ਤੇ ਟਿੱਪਣੀਆਂ ਵੇਖੋ।)

**ਆਇਤਾਂ 2, 3.** *[ਨਹਮਯਾਹ ਦੇ]* **ਭਰਾਵਾਂ ਵਿੱਚੋਂ ਹਨਾਨੀ** ਅਤੇ ਕੁਝ ਹੋਰ ਯਹੂਦੀ **ਯਹੂਦੀਆ ਵਿੱਚੋਂ** ਸ਼ੂਸ਼ਨ ਵਿਚ ਆਏ। ਹਨਾਨੀ ਸੰਭਵ ਤੌਰ ਤੇ ਸਿਰਫ਼ ਯਹੂਦੀਆ ਵਿੱਚੋਂ ਨਹੀਂ, ਬਲਕਿ ਨਹਮਯਾਹ ਦੇ ਸਾਕਾਂ ਵਿੱਚੋਂ ਹੋ ਸਕਦਾ ਹੈ। ਉਸ ਦਾ ਵਰਣਨ ''ਨਿਹਚਾ ਵਾਲਾ ਅਤੇ ਪਰਮੇਸ਼ੁਰ ਤੋਂ ਡਰਨ ਵਾਲਾ ਮਨੁੱਖ'' ਦੇ ਰੂਪ ਵਿਚ ਵੀ ਕੀਤਾ ਗਿਆ ਹੈ (7:2)। ਹਨਾਨੀ ਵੱਡੀ ਜ਼ਿੰਮੇਵਾਰੀ ਦਿੱਤੇ ਜਾ ਸਕਣ ਵਾਲਾ ਆਦਮੀ ਸੀ, ਇਸੇ ਕਰਕੇ ਬਾਅਦ ਵਿਚ ਉਸ ਨੂੰ ''ਯਰੂਸ਼ਲਮ ਉੱਤੇ ਹਾਕਮ ਬਣਾਇਆ'' ਗਿਆ ਸੀ (7:2)। ਹਨਾਨੀ ਅਤੇ ਦੂਜੇ **ਮਨੁੱਖ** ਯਹੂਦੀਆਂ ਦਾ ਅਧਿਕਾਰਿਕ ਵਫ਼ਦ ਹੋ ਸਕਦਾ ਹੈ ਜਿਹੜਾ ਯਹੂਦਾਹ ਦੇ ਹਾਲਾਤ ਬਾਰੇ ਦੱਸਣ ਲਈ ਸ਼ੂਸ਼ਣ ਵਿਚ ਆਇਆ ਸੀ।

ਨਹਮਯਾਹ ਨੇ ਇਸ ਸਮੂਹ ਤੋਂ ਯਹੂਦਾਹ ਵਿਚ ਰਹਿਣ ਵਾਲੇ **ਯਹੂਦੀਆਂ** ਦਾ ਹਾਲ ਚਾਲ ਪੁੱਛਿਆ। ਉਨ੍ਹਾਂ ਉਸ ਨੂੰ ਦੱਸਿਆ ਕਿ **ਅਸੀਰਾਂ** ਵਿੱਚੋਂ ਰਹਿ ਗਿਆ **ਬਕੀਆ ਵੱਡੀ ਦੁਰਦਸ਼ਾ ਅਤੇ ਨਿਰਾਦਰੀ ਵਿਚ** ਸੀ। ਉਨ੍ਹਾਂ ਦੀ ''ਵੱਡੀ ਦੁਰਦਸ਼ਾ'' ਅਤੇ ''ਨਿਰਾਦਰੀ'' ਦਾ ਕੋਈ ਕਾਰਣ ਨਹੀਂ ਦਿੱਤਾ ਗਿਆ। ਸ਼ਾਇਦ **ਸੂਬੇ** ਵਿਚ ਯਹੂਦੀ ਲੋਕ ਆਪਣੇ ਪਾਪਾਂ ਦੇ ਕਾਰਣ (ਵੇਖੋ ਹੱਜਈ 1:5, 6; ਮਲਾਕੀ 3:6–12) ਅਤੇ ਫ਼ਾਰਸੀ ਸਰਕਾਰ ਵੱਲੋਂ ਬਹੁਤਾ ਟੈਕਸ ਲਾਉਣ ਕਰਕੇ ''ਵੱਡੀ ਕੰਗਾਲੀ'' ਭੋਗ ਰਹੇ ਸਨ।[5]

ਇਸ ਸਮੂਹ ਨੇ ਇਹ ਵੀ ਦੱਸਿਆ ਕਿ **ਯਰੂਸ਼ਲਮ ਦੀਆਂ ਕੰਧਾਂ ਢੱਠੀਆਂ ਪਈਆਂ ਹਨ ਅਤੇ ਉਸ ਦੇ ਫਾਟਕ ਅੱਗ ਨਾਲ ਜਲੇ ਹੋਏ ਹਨ।** ਇਸ ਹਵਾਲੇ ਵਿਚ ਇਹ ਨਹੀਂ ਦੱਸਿਆ ਗਿਆ ਕਿ ਕੰਧਾਂ ਕਦੋਂ ''ਢੱਠੀਆਂ'' ਸਨ ਜਾਂ ਫਾਟਕ ਕਿਉਂ ''ਜਲੇ'' ਸਨ। ਭਲਾ ਯਹੂਦਾਹ ਤੋਂ ਆਏ ਇਹ ਬੰਦੇ ਉਸ ਹਾਲਤ ਨੂੰ ਦੱਸ ਰਹੇ ਸਨ ਜਿਹੜੀ ਲਗਭਗ 140 ਸਾਲ ਪਹਿਲਾਂ ਨਬੂਕਦਨੱਸਰ ਵੱਲੋਂ ਯਰੂਸ਼ਲਮ ਦੀ ਬਰਬਾਦੀ ਕੀਤੇ ਜਾਣ ਵੇਲੇ ਹੋਈ ਸੀ? ਭਲਾ ਉਹ ਹਾਲ ਦੀ ਕਿਸੇ ਘਟਨਾ ਦੀ ਗੱਲ ਕਰ ਰਹੇ ਸਨ? ਅਜ਼ਰਾ 4:7–23 ਤੋਂ ਅਜਿਹੀ ਬਿਪਤਾ ਦਾ ਸੁਝਾਅ ਮਿਲਦਾ ਹੈ ਜਿਸ ਵਿਚ ਯਹੂਦੀਆਂ ਦੇ ਵਿਰੋਧੀਆਂ ਤੋਂ ਅਰਤਹਸ਼ਸ਼ਤਾ ਨੂੰ ਘੱਲੀ ਚਿੱਠੀ ਸ਼ਾਮਿਲ ਹੈ। ਉਹ ਯਰੂਸ਼ਲਮ ਦੇ ਦੁਆਲੇ ਕੰਧਾਂ ਬਣਾਉਣ ਦੀ ਯਹੂਦੀਆਂ ਦੀ ਕੋਸ਼ਿਸ਼ ਦਾ ਵਿਰੋਧ ਕਰ ਰਹੇ ਸਨ। ਅਰਤਹਸ਼ਸ਼ਤਾ ਨੇ ਉਨ੍ਹਾਂ ਦੀ ਅਪੀਲ ਸੁਣੀ, ਅਤੇ ਇਸ ਕਰਕੇ ਦੇਸ਼ ਦੇ ਲੋਕਾਂ ਨੇ ''ਬਦੋ ਬਦੀ ਧੱਕੇ ਨਾਲ ਉਨ੍ਹਾਂ ਨੂੰ *[ਕੰਮ ਕਰਨ ਤੋਂ]* ਰੋਕ ਛੱਡਿਆ'' (ਅਜ਼ਰਾ 4:23)। ਉਨ੍ਹਾਂ ਦੇ ਦਖਲ ਨਾਲ ਹੋ ਸਕਦਾ ਹੈ ਕਿ ਪੂਰੀ ਹੋਈ ਕੰਧ ਡਿੱਗ ਪਈ ਹੋਵੇ ਅਤੇ

ਉਨ੍ਹਾਂ ਫਾਟਕਾਂ ਨੂੰ ਜਿਹੜੇ ਯਹੂਦੀਆਂ ਨੇ ਬਣਾਏ ਸਨ, ਅੱਗ ਲਗ ਗਈ ਹੋਵੇ। ਜੋ ਵੀ ਹੋਵੇ, ਕੰਧ ਦੀ ਹਾਲਤ ਨਾਲ ਯਹੂਦੀ ਆਪਣੇ ਦੁਸ਼ਮਣਾਂ ਅੱਗੇ ਅਰੱਖਿਅਤ ਹੋ ਗਏ ਸਨ। ਕਿਤਾਬ ਅੱਗੇ ਇਸ ਗੱਲ ਦਾ ਸਬੂਤ ਦਿੰਦੀ ਹੈ ਕਿ ਬਹੁਤ ਸਾਰੇ ਦੁਸ਼ਮਣ ਸਨ, ਜਿਨ੍ਹਾਂ ਤੋਂ ਉਨ੍ਹਾਂ ਨੂੰ ਖ਼ਤਰਾ ਸੀ।

## ਨਹਮਯਾਹ ਦੀ ਪ੍ਰਤੀਕਿਰਿਆ ਅਤੇ ਦੁਆ (1:4-11)

**4ਤਾਂ ਐਉਂ ਹੋਇਆ ਕਿ ਜਦ ਮੈਂ ਏਹ ਗੱਲਾਂ ਸੁਣੀਆਂ ਤਾਂ ਮੈਂ ਬੈਠ ਕੇ ਰੋਣ ਲਗ ਪਿਆ ਅਤੇ ਮੈਂ
ਕਈ ਦਿਨਾਂ ਤੀਕ ਸੋਗ ਕੀਤਾ ਅਤੇ ਵਰਤ ਰੱਖਿਆ ਨਾਲੇ ਅਕਾਸ਼ ਦੇ ਪਰਮੇਸ਼ੁਰ ਦੇ ਸਨਮੁੱਖ ਪ੍ਰਾਰਥਨਾ
ਕੀਤੀ 5ਅਤੇ ਮੈਂ ਆਖਿਆ, ਹੇ ਯਹੋਵਾਹ ਅਕਾਸ਼ ਦੇ ਪਰਮੇਸ਼ੁਰ, ਹੇ ਮਹਾਨ ਤੇ ਭੈ ਜੋਗ ਪਰਮੇਸ਼ੁਰ, ਤੂੰ
ਜੋ ਆਪਣੇ ਪ੍ਰੇਮੀਆਂ, ਤੇ ਆਪਣੇ ਹੁਕਮ ਮੰਨਣ ਵਾਲਿਆਂ ਨਾਲ ਦਯਾ ਅਤੇ ਨੇਮ ਦੀ ਪਾਲਨਾ ਕਰਨ
ਵਾਲਾ ਹੈਂ 6ਤੇਰੇ ਕੰਨ ਲੱਗੇ ਰਹਿਣ ਤੇ ਤੇਰੀਆਂ ਅੱਖਾਂ ਖੁੱਲ੍ਹੀਆਂ ਰਹਿਣ ਆਪਣੇ ਦਾਸ ਦੀ ਪ੍ਰਾਰਥਨਾ
ਸੁਣਨ ਲਈ ਜਿਹੜੀ ਮੈਂ ਅੱਜ ਤੇਰੇ ਅੱਗੇ ਦਿਨ ਰਾਤ ਤੇਰੇ ਦਾਸਾਂ ਇਸਰਾਏਲੀਆਂ ਦੇ ਲਈ ਪ੍ਰਾਰਥਨਾ
ਕਰਦਾ ਹਾਂ ਅਤੇ ਮੈਂ ਇਸਰਾਏਲੀਆਂ ਦੇ ਪਾਪ ਜਿਹੜੇ ਅਸਾਂ ਤੇਰੇ ਵਿਰੁੱਧ ਕੀਤੇ ਮੰਨ ਲਵਾਂਗਾ। ਹਾਂ, ਮੈਂ
ਅਤੇ ਮੇਰੇ ਪਿਉ ਦਾਦਿਆਂ ਦੇ ਘਰਾਣੇ ਨੇ ਤੇਰਾ ਪਾਪ ਕੀਤਾ ਹੈ 7ਅਸਾਂ ਤੇਰੇ ਵਿਰੁੱਧ ਵੱਡੀਆਂ ਭੈੜੀਆਂ
ਗੱਲਾਂ ਕੀਤੀਆਂ ਅਤੇ ਅਸਾਂ ਉਨ੍ਹਾਂ ਹੁਕਮਾਂ, ਬਿਧੀਆਂ ਅਤੇ ਨਿਆਵਾਂ ਨੂੰ ਜਿਨ੍ਹਾਂ ਦਾ ਤੈਂ ਆਪਣੇ ਦਾਸ
ਮੂਸਾ ਨੂੰ ਹੁਕਮ ਦਿੱਤਾ ਸੀ ਨਹੀਂ ਮੰਨਿਆ 8ਉਸ ਗੱਲ ਨੂੰ ਯਾਦ ਕਰ ਜਿਹ ਦਾ ਤੈਂ ਆਪਣੇ ਦਾਸ ਮੂਸਾ
ਨੂੰ ਹੁਕਮ ਦਿੱਤਾ ਸੀ ਕਿ ਜੇ ਤੁਸੀਂ ਬੇਈਮਾਨੀ ਕਰੋਗੇ ਤਾਂ ਮੈਂ ਤੁਹਾਨੂੰ ਉੱਮਤਾਂ ਵਿੱਚ ਖਿਲਾਰ ਦਿਆਂਗਾ
9ਜੇ ਤੁਸੀਂ ਮੇਰੀ ਵੱਲ ਮੁੜੋ ਅਤੇ ਮੇਰੇ ਹੁਕਮਾਂ ਦੀ ਪਾਲਨਾ ਕਰ ਕੇ ਤੁਸੀਂ ਉਨ੍ਹਾਂ ਨੂੰ ਪੂਰਾ ਕਰੋ ਤਾਂ ਮੈਂ
ਤੁਹਾਡੇ ਵਿੱਚੋਂ ਧੱਕਿਆਂ ਹੋਇਆਂ ਨੂੰ ਭਾਵੇਂ ਓਹ ਆਕਾਸ਼ ਦੇ ਆਖ਼ਰੀ ਕੰਢਿਆਂ ਉੱਤੇ ਹੋਣ ਉੱਥੋਂ ਮੈਂ
ਓਨ੍ਹਾਂ ਨੂੰ ਇਕੱਠੇ ਕਰ ਕੇ ਉਸ ਅਸਥਾਨ ਵਿੱਚ ਲਿਆਵਾਂਗਾ ਜਿਹੜਾ ਮੈਂ ਆਪਣੇ ਨਾਮ ਵਸਾਉਣ ਲਈ
ਚੁਣਿਆ ਹੈ 10ਓਹ ਤੇਰੇ ਦਾਸ ਅਤੇ ਤੇਰੀ ਪਰਜਾ ਹਨ ਜਿਨ੍ਹਾਂ ਨੂੰ ਤੈਂ ਵੱਡੇ ਬਲ ਅਤੇ ਤਕੜੇ ਹੱਥ ਨਾਲ
ਛੁਟਕਾਰਾ ਦਿੱਤਾ ਹੈ 11ਹੇ ਪ੍ਰਭੁ, ਆਪਣੇ ਦਾਸ ਦੀ ਪ੍ਰਾਰਥਨਾ ਉੱਤੇ ਤੇਰੇ ਕੰਨ ਲੱਗੇ ਰਹਿਣ, ਆਪਣੇ
ਦਾਸਾਂ ਦੀ ਪ੍ਰਾਰਥਨਾ ਉੱਤੇ ਵੀ ਜਿਹੜੇ ਤੇਰੇ ਨਾਮ ਤੋਂ ਡਰਨ ਦੇ ਚਾਹਵੰਦ ਹਨ ਅਤੇ ਅੱਜ ਤੂੰ ਆਪਣੇ
ਦਾਸ ਨੂੰ ਸੁਫਲ ਕਰ ਅਤੇ ਏਸ ਮਨੁੱਖ ਦੇ ਅੱਗੇ ਮੈਨੂੰ ਤਰਸਾਂ ਦਾ ਭਾਗੀ ਬਣਾ।**

**ਆਇਤ 4. ਜਦ** *[ਨਹਮਯਾਹ]* ਨੇ ਯਰੂਸ਼ਲਮ ਦੇ ਹਾਲਾਤ ਬਾਰੇ **ਇਹ ਗੱਲਾਂ ਸੁਣੀਆਂ** ਤਾਂ ਉਹਦੀ ਫੌਰੀ ਪ੍ਰਤੀਕਿਰਿਆ ਕਿਸੇ ਦੇ ਮਰ ਜਾਣ ਤੇ ਅਫ਼ਸੋਸ ਕਰਨ ਵਾਲੀ ਸੀ। ਉਹ **ਸੋਗ** ਕਰਦੇ ਹੋਏ **ਅਤੇ ਵਰਤ** ਰੱਖਦੇ ਹੋਏ ਰੋਂਦਾ ਅਤੇ ਦੁਖੀ ਹੁੰਦਾ ਰਿਹਾ। ਉਸਦਾ ਦੁਖੀ ਹੋਣਾ ਇਸ ਖ਼ਬਰ ਤੇ ਕਿ ਯਹੂਦੀਆਂ ਨੇ ਬਾਹਰੀ ਲੋਕਾਂ ਦੀਆਂ ਧੀਆਂ ਨਾਲ ਵਿਆਹ ਕਰਕੇ ਪਾਪ ਕੀਤਾ ਸੀ ਅਜ਼ਰਾ ਦੀ ਪ੍ਰਤੀਕਿਰਿਆ ਵਰਗਾ ਸੀ (ਅਜ਼ਰਾ 9:1—3; 10:1)।

ਨਹਮਯਾਹ ਨੇ ਘੰਟੇ ਦੋ ਘੰਟੇ ਲਈ ਨਹੀਂ ਬਲਕਿ **ਕਈ ਦਿਨਾਂ ਤੀਕ ਸੋਗ ਕੀਤਾ**। ਸਾਫ਼ ਤੌਰ ਤੇ ਨਹਮਯਾਹ ਦਾ ਦੁਖੀ ਹੋਣਾ ਅਤੇ ਦੁਆ ਕਰਦੇ ਰਹਿਣਾ ਲਗਭਗ ਚਾਰ ਮਹੀਨਿਆਂ ਤਕ ਚੱਲਿਆ। ਜਦ ਨਹਮਯਾਹ ਨੂੰ ਯਰੂਸ਼ਲਮ ਦੀ ਖ਼ਬਰ ਮਿਲੀ ਸੀ ਤਾਂ ਇਹ ਕਿਸਲੇਵ ਦਾ ਭਾਵ ਨੌਂਵਾਂ ਮਹੀਨਾ ਸੀ; ਅਤੇ ਜਦ ਉਹ ਰਾਜੇ ਅੱਗੇ ਪੇਸ਼ ਹੋਇਆ ਤਾਂ ਇਹ ਨੀਸਾਨ ਦਾ (2:1), ਭਾਵ ਪਹਿਲਾ ਮਹੀਨਾ ਸੀ, ਜਾਂ ਚਾਰ ਕੁ ਮਹੀਨਿਆਂ ਦੇ ਬਾਅਦ ਦੀ ਗੱਲ ਹੈ।

ਨਹਮਯਾਹ ਦੀਆਂ ਕਾਰਵਾਹੀਆਂ ਲੋਕਾਂ ਨੂੰ ਨਜ਼ਰ ਨਹੀਂ ਆਉਂਦੀਆਂ ਸਨ ਕਿਉਂ ਜੋ ਉਹ ਇੱਕੋ ਸੱਚੇ ਖ਼ੁਦਾ **ਅਕਾਸ਼ ਦੇ ਪਰਮੇਸ਼ੁਰ ਦੇ ਸਨਮੁੱਖ** ਆਪਣੀ ਨਿਰਾਸ਼ਾ ਨੂੰ ਵਿਖਾ ਰਿਹਾ ਸੀ। ਖ਼ੁਦਾ ਦੇ ਲੋਕਾਂ ਲਈ ਨਹਮਯਾਹ ਦੀ ਸੱਚੇ ਦਿਲੋਂ ਕੀਤੀ ਜਾਣ ਵਾਲੀ ਪਰਵਾਹ ਤੇ ਸ਼ੱਕ ਨਹੀਂ ਕੀਤਾ ਜਾ ਸਕਦਾ।

**ਆਇਤ 5.** 1:5–11 ਵਿਚ ਆਪਣੀ ਦੁਆ ਵਿਚ ਨਹਮਯਾਹ ਨੇ ਕਈ ਗੱਲਾਂ ਸ਼ਾਮਿਲ ਕੀਤੀਆਂ। (1) ਉਸ ਨੇ ਖ਼ੁਦਾ ਦੀ ਮਹਾਨਤਾ ਅਤੇ ਭਲਿਆਈ ਨੂੰ ਪਛਾਣਦੇ ਹੋਏ ਓਸੇ ਨੂੰ ਸੰਬੋਧਿਤ ਕਰਦੇ ਹੋਏ ਸ਼ੁਰੂਆਤ ਕੀਤੀ (1:5)। (2) ਉਸ ਨੇ ਖ਼ੁਦਾ ਨੂੰ ਆਪਣੇ ''ਦਾਸ'' ਦੀ ਦੁਆ ਸੁਣਨ ਲਈ ਸਧਾਰਣ ਅਪੀਲ ਕੀਤੀ (1:6) ਅਤੇ ਇਸ ਤੋਂ ਬਾਅਦ (3) ਪਾਪ ਦਾ ਇਕਰਾਰ ਕੀਤਾ (1:6, 7)। (4) ਉਸ ਨੇ ਬੇਨਤੀ ਕੀਤੀ ਕਿ ਖ਼ੁਦਾ ਆਪਣੇ ਵਾਅਦਿਆਂ ਨੂੰ ''ਯਾਦ ਕਰੇ'' (1:8–10) ਅਤੇ (5) ਉਸ ਨੂੰ ਰਾਜੇ ਕੋਲੋਂ ਸਫ਼ਲਤਾ ਦਵੇ (1:11)।

ਇਸ ਦੁਆ ਦੀ ਸ਼ੁਰੂਆਤ ਬਿਲਕੁਲ ਸਹੀ ਢੰਗ ਨਾਲ, *ਖ਼ੁਦਾ ਨੂੰ ਸੰਬੋਧਨ* ਕਰਨ ਨਾਲ ਹੋਈ। ਨਹਮਯਾਹ ਖ਼ੁਦਾ ਅੱਗੇ **ਯਹੋਵਾਹ ਅਕਾਸ਼ ਦੇ ਪਰਮੇਸ਼ੁਰ** ਭਾਵ ਮਹਾਨ ਪਰਮੇਸ਼ੁਰ ਦੇ ਰੂਪ ਵਿਚ ਦੁਆ ਕਰ ਰਿਹਾ ਸੀ ਜਿਸਨੇ ਆਪਣੀ ਪਛਾਣ ''ਯਾਹਵੇਹ'' ਵਜੋਂ ਕਰਵਾਈ ਸੀ। ਉਸ ਨੇ ਯਹੋਵਾਹ ਨੂੰ **ਮਹਾਨ ਤੇ ਭੈ ਜੋਗ** ਦੱਸਿਆ। ਕੋਈ ਹੋਰ ਉਹਦੇ ਵਰਗਾ ਨਹੀਂ ਹੈ ਕਿਉਂ ਜੋ ਹਰ ਸ਼ੈ ਜਿਸਦਾ ਵਜੂਦ ਹੈ ਉਸ ਨੂੰ ਸਿਰਜਣਵਾਲਾ ਸਿਰਫ਼ ਉਹੀ ਹੈ। ਖ਼ੁਦਾ ਨਿਰਾ ਮਹਾਨ ਹੀ ਨਹੀਂ ਹੈ ਬਲਕਿ ਭਲਾ ਵੀ ਹੈ। ਉਹੀ ਹੈ **ਜੋ ਦਯਾ ਅਤੇ ਨੇਮ ਦੀ ਪਾਲਨਾ ਕਰਨ ਵਾਲਾ** ਹੈ। ''ਦਯਾ'' ਦਾ ਅਨੁਵਾਦ ਇਬਰਾਨੀ ਸ਼ਬਦ (*chesed*, *ਕੇਸੇਦ*) ਤੋਂ ਹੋਇਆ ਹੈ ਜੋ ਖ਼ੁਦਾ ਦੀ ਨੇਮ ਦੀ ਵਫ਼ਾਦਾਰੀ, ਆਪਣੇ ਰਹਿਮ ਨਾਲ ਉਨ੍ਹਾਂ ਲੋਕਾਂ ਨਾਲ ਵਿਖਾਏ ਜਾਣ ਵਾਲੀ ਮੇਹਰ ਜਿਨ੍ਹਾਂ ਨਾਲ ਉਸ ਨੇ ਆਪਣੀ ਮੇਹਰ ਨਾਲ ਨੇਮ ਬੰਨ੍ਹਿਆ ਹੈ। ਉਹ ਸਭਨਾਂ ਉੱਤੇ ਤਰਸ ਕਰਦਾ ਅਤੇ ਰਹਿਮ ਵਿਖਾਉਂਦਾ ਹੈ ਪਰ ਖ਼ਾਸ ਕਰਕੇ **ਆਪਣੇ ਪ੍ਰੇਮੀਆਂ ਅਤੇ ਆਪਣੇ ਹੁਕਮ ਮੰਨਣ ਵਾਲਿਆਂ ਨਾਲ**। ਖ਼ੁਦਾ ਨੇ ਆਪਣਾ ਪਿਆਰ ਸਾਰੀ ਮਨੁੱਖ ਜਾਤੀ ਲਈ ਹਮੇਸ਼ਾ ਵਿਖਾਇਆ ਹੈ, ਪਰ ਉਹ ਖ਼ਾਸ ਤੌਰ ਤੇ ਉਨ੍ਹਾਂ ਨੂੰ ਬਰਕਤ ਦਿੰਦਾ ਹੈ ਜਿਹੜੇ ਉਸ ਦੀ ਮਰਜ਼ੀ ਤੇ ਚੱਲਦੇ ਹਨ।

**ਆਇਤਾਂ 6, 7.** ਇਹਦੇ ਬਾਅਦ ਨਹਮਯਾਹ ਨੇ *ਸੁਣੇ ਜਾਣ ਲਈ ਇਕ ਅਪੀਲ ਕੀਤੀ।* ਉਸ ਨੇ ਦੁਆ ਕੀਤੀ, **ਤੇਰੇ ਕੰਨ ਲੱਗੇ ਰਹਿਣ ਤੇ ਤੇਰੀਆਂ ਅੱਖਾਂ ਖੁੱਲ੍ਹੀਆਂ ਰਹਿਣ** *[*ਇਹ*]* **ਪ੍ਰਾਰਥਨਾ ਸੁਣਨ ਲਈ।** ਖ਼ੁਦਾ ਦੇ ''ਕੰਨ'' ਅਤੇ ''ਅੱਖਾਂ'' ਦੀ ਗੱਲ ਮਨੁੱਖਰੂਪੀ ਹੈ ਭਾਵ ਉਨ੍ਹਾਂ ਨਾਲ ਖ਼ੁਦਾ ਨੂੰ ਮਨੁੱਖੀ ਜੀਵਾਂ ਵਾਲੇ ਗੁਣਾਂ ਵਾਲਾ ਵਿਖਾਇਆ ਗਿਆ। ਖ਼ੁਦਾ, ਜੋ ਕਿ ਆਤਮਾ ਹੈ (ਯੂਹੰਨਾ 4:24) ਦੀ ਅਸਲ 'ਚ ਕੋਈ ''ਅੱਖ'' ਜਾਂ ''ਕੰਨ'' ਨਹੀਂ ਹੈ, ਬਲਕਿ ਖ਼ੁਦਾ ਦੀਆਂ ਖੂਬੀਆਂ ਨੂੰ ਸਮਝਣਾ ਸ਼ੁਰੂ ਕਰਨ ਲਈ ਸਾਡੇ ਲਈ ਇੱਕੋ ਇਕ ਤਰੀਕਾ ਮਨੁੱਖੀ ਸ਼ਬਦਾਂ ਦੀ ਵਰਤੋਂ ਕਰਨਾ ਹੈ।

ਨਹਮਯਾਹ ਦੀ ਬੇਨਤੀ ਇਨ੍ਹਾਂ ਤਿੰਨ ਤੱਥਾਂ ਤੇ ਅਧਾਰਿਤ ਹੈ: ਉਹ ਖ਼ੁਦਾ ਦਾ **ਦਾਸ** ਸੀ, ਉਹ ਬੜੀ ਲਗਨ ਨਾਲ ਅਤੇ ਇਕ ਸਾਰ (**ਦਿਨ ਰਾਤ**), **ਪ੍ਰਾਰਥਨਾ** ਕਰ ਰਿਹਾ ਸੀ ਅਤੇ ਉਹ ਖ਼ੁਦਾ ਦੇ ਸੇਵਕ ਲੋਕਾਂ **ਇਸਰਾਏਲੀਆਂ ਦੇ ਲਈ** ਪ੍ਰਾਰਥਨਾ ਕਰ ਰਿਹਾ ਸੀ। ਇਨ੍ਹਾਂ ਸਚਿਆਈਆਂ ਨਾਲ ਨਹਮਯਾਹ ਨੂੰ ਇਹ ਸੁਝਾਅ ਮਿਲਿਆ ਕਿ ਖ਼ੁਦਾ ਉਸਦੀ ਦੁਆ ਨੂੰ ਸੁਣਨ ਅਤੇ ਉਸ ਦੇ ਹੱਕ ਵਿਚ ਜਵਾਬ ਦੇਣ ਲਈ ਤਿਆਰ ਹੋਵੇਗਾ।

ਯਹੋਵਾਹ ਦਾ ਸਮਰਥਨ ਮੰਗਦੇ ਹੋਏ ਨਹਮਯਾਹ ਨੇ *ਪਾਪ ਦਾ ਇਕਰਾਰ* ਕੀਤਾ। ਉਹ ਖ਼ੁਦਾ ਦੇ ਤਖ਼ਤ ਅੱਗੇ ਘਮੰਡੀ ਹੋ ਕੇ ਨਹੀਂ ਗਿਆ, ਜਿਵੇਂ ਕਿ ਉਹ ਇਹ ਮੰਗ ਕਰ ਸਕਦਾ ਹੋਵੇ ਕਿ ਯਹੋਵਾਹ ਉਹਦੇ ਵੱਲ ਧਿਆਨ ਦਵੇ ਅਤੇ ਉਸ ਦੀਆਂ ਬੇਨਤੀਆਂ ਨੂੰ ਮੰਨੇ। ਇਸ ਦੇ ਉਲਟ ਉਸਨੇ ਖ਼ੁਦਾ ਦੀਆਂ ਬਰਕਤਾਂ ਦਾ ਹੱਕਦਾਰ ਨਾ ਹੋਣ ਅਤੇ ਨਾਕਾਬਲ ਲੋਕਾਂ ਦੇ ਨੁਮਾਇੰਦੇ ਦੇ ਤੌਰ ਤੇ ਖ਼ੁਦਾ ਨਾਲ ਹਲੀਮ ਹੋ ਕੇ ਗੱਲ ਕੀਤੀ। ਉਸਨੇ ਮੰਨਿਆ ਕਿ **ਇਸਰਾਏਲੀਆਂ** ਭਾਵ ਖ਼ੁਦਾ ਦੇ ਸਾਰੇ ਲੋਕਾਂ ਨੇ ਖ਼ੁਦਾ ਦੇ **ਪਾਪ** ਕੀਤਾ ਸੀ। ਉਸ ਨੇ ਇਹ ਇਕਰਾਰ ਕੀਤਾ ਕਿ ਉਸ ਨੇ ਨਿੱਜੀ ਤੌਰ ਤੇ ਅਤੇ ਉਸ ਦੇ ਪਰਿਵਾਰ (ਉਸ ਦੇ **ਪਿਓ ਦਾਦਿਆਂ ਦੇ ਘਰਾਣੇ**) ਨੇ **ਪਾਪ ਕੀਤਾ** ਸੀ। ਉਸ ਨੇ ਇਹ ਇਕਰਾਰ ਕਰਦਿਆਂ ਕਿ ਯਹੂਦੀਆਂ ਦੇ ਪਾਪ ਵਿਚ **ਉਨ੍ਹਾਂ ਹੁਕਮਾਂ, ਬਿਧੀਆਂ ਅਤੇ ਨਿਆਵਾਂ** ਨੂੰ ਜਿਹੜੇ ਲੋਕਾਂ ਨੂੰ ਖ਼ੁਦਾ ਨੇ ਮੂਸਾ ਰਾਹੀਂ ਦਿੱਤੇ ਸਨ ਨਾ ਮੰਨਣਾ ਸ਼ਾਮਿਲ ਕੀਤਾ। ਅਜ਼ਰਾ ਅਤੇ ਮਲਾਕੀ ਨਬੀ ਵਾਂਗ ਨਹਮਯਾਹ ਨੇ ਮੰਨਿਆ ਕਿ

ਯਹੂਦੀਆਂ ਲਈ ਸ਼ਰ੍ਹਾ ਨੂੰ ਮੰਨਣਾ ਜ਼ਰੂਰੀ ਸੀ; ਪਰ ਉਸ ਨੇ ਇਕਰਾਰ ਕੀਤਾ ਕਿ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ ਸੀ।

ਨਹਮਯਾਹ ਦੇ ਦਿਮਾਗ ਵਿਚ ਕਿਹੜੇ ਹੁਕਮ ਨੂੰ ਤੋੜਨ ਦੀ ਗੱਲ ਸੀ? ਹੋ ਸਕਦਾ ਹੈ ਕਿ ਉਹ ਉਨ੍ਹਾਂ ਪਾਪਾਂ ਦੀ ਗੱਲ ਕਰ ਰਿਹਾ ਹੋਵੇ ਜਿਨ੍ਹਾਂ ਕਰਕੇ ਖ਼ੁਦਾ ਨੇ ਕੌਮ ਨੂੰ ਬਰਬਾਦ ਕਰਕੇ ਯਹੂਦੀਆਂ ਨੂੰ ਅਸੀਰੀ ਵਿਚ ਘੱਲਿਆ ਸੀ। ਹੋਰ ਵੀ ਸੰਭਾਵਨਾ ਹੈ ਕਿ ਉਹਨੇ ਯਹੂਦਾਹ ਦੀ ਮੌਜੂਦਾ ''ਦੁਰਦਸ਼ਾ'' (1:3) ਨੂੰ ਯਹੂਦੀਆਂ ਉੱਤੇ ਉਨ੍ਹਾਂ ਦੇ ਸਭ ਤੋਂ ਹਾਲ ਦੇ ਪਾਪ ਕਰਕੇ ਆਈ ਖ਼ੁਦਾ ਦੀ ਨਰਾਜ਼ਗੀ ਦੇ ਨਿਸ਼ਾਨ ਨੂੰ ਮੰਨਿਆ ਹੋਵੇ। ਨਹਮਯਾਹ ਨੂੰ ਉਨ੍ਹਾਂ ਪਾਪਾਂ ਨੂੰ ਯਾਦ ਕਰਨ ਵਿਚ ਕੋਈ ਦਿੱਕਤ ਨਹੀਂ ਹੋਵੇਗੀ ਜਿਨ੍ਹਾਂ ਦਾ ਇਕਰਾਰ ਕਰਨ ਦੀ ਇਸਰਾਏਲੀਆਂ ਨੂੰ ਲੋੜ ਸੀ।

**ਆਇਤਾਂ 8-10.** ਆਪਣੀ ਦੁਆ ਦੇ ਸਾਰ ਵਿਚ ਨਹਮਯਾਹ ਨੇ *ਇਕ ਬੇਨਤੀ* ਕੀਤੀ *ਕਿ ਖ਼ੁਦਾ ਆਪਣੇ ਵਾਅਦਿਆਂ ਨੂੰ ਯਾਦ ਕਰੇ*। ਉਸ ਨੇ ਚਾਹਿਆ ਕਿ ਖ਼ੁਦਾ **ਯਾਦ** ਕਰੇ ਕਿ ਉਸ ਨੇ **ਮੂਸਾ** ਨਾਲ ਅਤੇ ਉਸ ਦੇ ਰਾਹੀਂ ਕੀ ਕੀ ਵਾਅਦੇ ਕੀਤੇ ਸਨ। ਉਸ ਨੇ ਖ਼ੁਦਾ ਨੂੰ ਯਾਦ ਕਰਵਾਇਆ ਕਿ ਉਸ ਨੇ ਖ਼ਾਸ ਕਰਕੇ ਬਿਵਸਥਾ ਸਾਰ ਵਿਚ ਕੀ ਦੱਸਿਆ ਸੀ। ਜੇ ਇਸਰਾਏਲੀ ਖ਼ੁਦਾ ਦੀ ਸ਼ਰ੍ਹਾ ਨੂੰ ਤੋੜਦੇ ਤਾਂ ਉਸਨੇ ਉਨ੍ਹਾਂ ਨੂੰ **ਉੱਮਤਾਂ ਵਿਚ ਖਿਲਾਰ** ਦੇਣਾ ਸੀ (1:8; ਵੇਖੋ ਬਿਵਸਥਾ ਸਾਰ 4:25–27)। ਫਿਰ ਜੇ ਉਹ ਆਪਣੇ ਪਾਪਾਂ ਤੋਂ ਤੋਬਾ ਕਰਕੇ ਖ਼ੁਦਾ ਵੱਲ **ਮੁੜ** ਆਉਂਦੇ ਤਾਂ ਉਸ ਨੇ **ਉਨ੍ਹਾਂ ਨੂੰ** ਉਸ ਦੇਸ਼ ਭਾਵ **ਉਸ ਸਥਾਨ ਵਿਚ** ਵਾਪਸ ਲੈ ਆਉਣਾ ਸੀ **ਜਿਹੜਾ** ਉਸ ਨੇ **ਆਪਣਾ ਨਾਮ ਵਸਾਉਣ ਲਈ ਚੁਣਿਆ** ਸੀ (1:9; ਵੇਖੋ ਬਿਵਸਥਾ ਸਾਰ 12:5)। ਇਹ ਖ਼ੁਦਾ ਦਾ ਵਾਅਦਾ ਸੀ, ਭਾਵੇਂ ਉਹਦੇ ਲੋਕ ਕਿੰਨੀ ਵੀ ਦੂਰ ਕਿਉਂ ਨਾ ਚਲੇ ਜਾਂਦੇ। ਨਹਮਯਾਹ ਨੇ ਅੱਗੇ ਆਖਿਆ ਕਿ ਅਸਲ ਵਿਚ ਖ਼ੁਦਾ ਨੇ ਆਪਣੇ ਵਾਅਦੇ ਦੇ ਇਸ ਦੂਜੇ ਹਿੱਸੇ ਨੂੰ ਪੂਰਾ ਕੀਤਾ ਸੀ, ਕਿਉਂ ਜੋ **ਉਸ ਨੇ** ਆਪਣੇ **ਦਾਸ** ਅਤੇ ਆਪਣੀ **ਪਰਜਾ** ਨੂੰ ਆਪਣੇ **ਵੱਡੇ ਬਲ ਅਤੇ ਤਕੜੇ ਹੱਥ ਨਾਲ ਛੁਟਕਾਰਾ ਦਿੱਤਾ** ਸੀ (1:10; ਵੇਖੋ ਬਿਵਸਥਾ ਸਾਰ 30:1–5)। ਸ਼ੁਰੂ ਵਿਚ ਉਸ ਨੇ ਉਨ੍ਹਾਂ ਨੂੰ ਮਿਸਰ ਦੀ ਗੁਲਾਮੀ ਵਿੱਚੋਂ ਕੱਢਿਆ ਸੀ ਅਤੇ ਹਾਲ ਵਿਚ ਉਸ ਨੇ ਉਨ੍ਹਾਂ ਨੂੰ ਅਸੀਰੀ ਤੋਂ ਛੁਡਾਇਆ ਸੀ।

ਇਨ੍ਹਾਂ ਸ਼ਬਦਾਂ ਵਿਚ ਇਕ ਅਣਕਹੀ ਅਪੀਲ ਦਾ ਅਰਥ ਮਿਲਦਾ ਹੈ। ਨਹਮਯਾਹ ਸ਼ਾਇਦ ਇਹ ਇਸ ਤਰ੍ਹਾਂ ਕਹਿ ਰਿਹਾ ਸੀ: ''ਹੇ ਯਹੋਵਾਹ ਹੁਣ ਤਕ ਤੂੰ ਆਪਣਾ ਵਚਨ ਪੁਗਾਇਆ ਹੈ। ਤੂੰ ਆਪਣੇ ਲੋਕਾਂ ਨੂੰ ਉਸ ਥਾਂ ਵਿਚ ਵਾਪਸ ਲੈ ਆਇਆ ਹੈਂ ਜਿਹੜਾ ਤੂੰ ਚੁਣਿਆ ਹੈ। ਅਸਾਂ, ਜੋ ਕਿ ਤੇਰੇ ਲੋਕ ਹਾਂ, ਪਾਪ ਕੀਤਾ ਹੈ, ਪਰ ਅਸੀਂ ਤੋਬਾ ਕਰ ਰਹੇ ਹਾਂ ਅਤੇ ਤੇਰੇ ਵੱਲ ਮੁੜ ਰਹੇ ਹਾਂ। ਹੁਣ ਅਸੀਂ ਖ਼ਤਰੇ ਵਿਚ ਹਾਂ। ਜੇ ਇਹ ਖ਼ਤਰਨਾਕ ਹਾਲਾਤ ਨਹੀਂ ਬਦਲਦੇ, ਤਾਂ ਤੇਰੇ ਲੋਕਾਂ ਦਾ ਛੁਟਕਾਰਾ ਅਧੂਰਾ ਰਹਿ ਜਾਵੇਗਾ, ਕਿਉਂ ਜੋ ਅਸੀਂ ਉਸ ਥਾਂ ਤੇ ਨਹੀਂ ਰਹਿ ਪਾਵਾਂਗੇ ਜਿਸਨੂੰ ਤੂੰ ਆਪਣਾ ਨਾਂਅ ਵਸਾਉਣ ਲਈ ਚੁਣਿਆ ਹੈ। ਹੇ ਯਹੋਵਾਹ, ਮੇਹਰਬਾਨੀ ਕਰਕੇ, ਇੰਜ ਨਾ ਹੋਣ ਦੇ।''

**ਆਇਤ 11.** ਆਪਣੀ ਦੁਆ ਦੇ ਅਖ਼ੀਰ ਵਿਚ ਨਹਮਯਾਹ ਨੇ *ਰਾਜੇ ਅੱਗੇ ਸਫ਼ਲਤਾ ਮਿਲਣ ਲਈ ਬੇਨਤੀ ਕੀਤੀ।* ਉਸ ਨੇ ਫੇਰ ਆਖਿਆ ਕਿ **ਪ੍ਰਭੂ** ਉਸ ਦੀ **ਪ੍ਰਾਰਥਨਾ** ਸੁਣ ਲਵੇ (ਵੇਖੋ 1:6)। ਉਹ ਸਿਰਫ਼ ਆਪਣੀ ਪ੍ਰਾਰਥਨਾ ਨਹੀਂ ਕਰ ਰਿਹਾ ਸੀ ਬਲਕਿ ਦੂਜਿਆਂ ਦੀਆਂ **ਪ੍ਰਾਰਥਨਾ**[*ਵਾਂ*] ਵੀ ਕਰ ਰਿਹਾ ਸੀ ਜਿਸ ਨੂੰ **ਆਪਣੇ ਦਾਸਾਂ** ਦੀਆਂ ਪ੍ਰਾਰਥਨਾਵਾਂ **ਜਿਹੜੇ ਤੇਰੇ ਨਾਮ ਤੋਂ ਡਰਨ ਦੇ ਚਾਹਵਾਨ ਹਨ** ਕਿਹਾ ਗਿਆ ਹੈ। ਸਾਫ਼ ਹੈ ਕਿ ਦੂਜੇ ਯਹੂਦੀ ਵੀ ਨਹਮਯਾਹ ਦੇ ਨਾਲ ਦੁਆ ਕਰ ਰਹੇ ਸਨ ਕਿ ਖ਼ੁਦਾ ਦਖ਼ਲ ਦਵੇ ਅਤੇ ਯਹੂਦੀਆਂ ਦੀ ਉਨ੍ਹਾਂ ਦੀ ਦੁਰਦਸ਼ਾ ਵਿਚ ਮਦਦ ਕਰੇ। ਨਹਮਯਾਹ ਨੇ ਯਹੋਵਾਹ ਅੱਗੇ ਬੇਨਤੀ ਕੀਤੀ ਕਿ ਉਹ **ਅੱਜ** ਜਦ ਉਹ ਨੇ **ਇਸ ਮਨੁੱਖ** ਭਾਵ ਫ਼ਾਰਸ ਦੇ ਰਾਜੇ ਕੋਲ ਜਾਣਾ ਸੀ, ਉਸ ਨੂੰ ਸਫ਼ਲਤਾ ਦਵੇ। ਰਾਜੇ ਨੂੰ ''ਇਸ ਮਨੁੱਖ'' ਆਖ ਕੇ ਨਹਮਯਾਹ ਇਹ ਦੱਸਣਾ ਚਾਹ ਰਿਹਾ ਹੋਵੇਗਾ ਕਿ ਰਾਜਾ ਸਿਰਫ਼ ਇਨਸਾਨ ਸੀ ਜਦ ਕਿ ਖ਼ੁਦਾ ''ਅਕਾਸ਼ ਦਾ ਪਰਮੇਸ਼ੁਰ'' ਸੀ (1:5)। ਇਸ ਕਰਕੇ

ਭਵਿੱਖ ਵਿਚ ਜੋ ਕੁਝ ਵੀ ਹੋਣਾ ਸੀ, ਉਹ ਮੁੱਖ ਤੌਰ ਤੇ ''ਇਸ ਮਨੁੱਖ'' ਤੇ ਨਹੀਂ ਬਲਕਿ ਯਹੋਵਾਹ ਪਰਮੇਸ਼ੁਰ ਤੇ ਨਿਰਭਰ ਸੀ। ਨਹਮਯਾਹ ਭਾਵੇਂ ਖ਼ੁਦਾ ਉੱਤੇ ਨਿਰਭਰ ਸੀ, ਪਰ ਉਹਦੇ ਦਿਮਾਗ ਵਿਚ ਇਕ ਯੋਜਨਾ ਸੀ ਜਿਸ ਉੱਤੇ ਅਮਲ ਕਰਨ ਦੀ ਉਸ ਨੂੰ ਉਮੀਦ ਸੀ, ਅਤੇ ਉਸਨੇ ਯਹੋਵਾਹ ਨੂੰ ਉਸਦੀਆਂ ਕੋਸ਼ਿਸ਼ਾਂ ਵਿਚ ਕਾਮਯਾਬੀ ਦੇ ਕੇ ਉਸ ਨੂੰ ਬਰਕਤ ਦੇਣ ਲਈ ਆਖਿਆ।

''ਅੱਜ'' ਸ਼ਬਦ ਦੀ ਵਰਤੋਂ ਤੇ ਇਸ ਤੱਥ ਦੀ ਰੌਸ਼ਨੀ ਤੇ ਕਈ ਸਵਾਲ ਉੱਠੇ ਹਨ ਕਿ ਨਹਮਯਾਹ ਕੋਲ ਹਨਾਨੀ ਦੇ ਆਉਣ ਅਤੇ 2:1 ਵਿਚ ਉਹਦੇ ਰਾਜੇ ਅੱਗੇ ਪੇਸ਼ ਹੋਣ ਵਿਚ ਲਗਭਗ ਚਾਰ ਮਹੀਨੇ ਲਗ ਗਏ। ਭਲਾ ਨਹਮਯਾਹ 1 ਵਿਚਲੀ ਦੁਆ ਸਿਰਫ਼ ਇੱਕੋ ਵਾਰ ਹੋਈ, ਨਹਮਯਾਹ ਦੇ ਰਾਜੇ ਅੱਗੇ ਪੇਸ਼ ਹੋਣ ਤੋਂ ਥੋੜ੍ਹਾ ਪਹਿਲਾਂ ਭਲਾ ਇਹ ਦੁਆਵਾਂ ਦਾ ਇਕ ਸਾਰ ਸੀ ਜਿਹੜੀਆਂ ਉਸ ਸਮੇਂ ਦੌਰਾਨ ਨਹਮਯਾਹ ਨੇ ਕੀਤੀਆਂ ਸਨ? ਇਹ ਹੋ ਸਕਦਾ ਹੈ ਕਿ ਇਸ ਦੁਆ ਵਿਚ ਚਾਰ ਮਹੀਨਿਆਂ ਦੌਰਾਨ ਕੀਤੀਆਂ ਗਈਆਂ ਨਹਮਯਾਹ ਦੀਆਂ ਦੁਆਵਾਂ ਦੀਆਂ ਭਾਵਨਾਵਾਂ ਜਤਾਈਆਂ ਗਈਆਂ, ਪਰ ਇਹ ਵਿਸ਼ੇਸ਼ ਸ਼ਬਦ ਸਿਰਫ਼ ਇੱਕੋ ਵਾਰ ਨਹਮਯਾਹ ਦੇ ਰਾਜੇ ਨੂੰ ਮਿਲਣ ਜਾਣ ਤੋਂ ਥੋੜ੍ਹਾ ਪਹਿਲਾਂ ਦੁਆ ਲਈ ਵਰਤੇ ਗਏ।

## ਨਹਮਯਾਹ ਦਾ ਅਹੁਦਾ (1:11)

**11ਮੈਂ ਪਾਤਸ਼ਾਹ ਦਾ ਸਾਕੀ ਸਾਂ।**

**ਆਇਤ 11.** ਆਪਣੀ ਦੁਆ ਦੇ ਵਿਰਤਾਂਤ ਤੋਂ ਬਾਅਦ ਨਹਮਯਾਹ ਇਹ ਦੱਸ ਕੇ ਕਿ ਫ਼ਾਰਸੀ ਹਾਕਮ ਤਕ ਉਹਦੀ ਪਹੁੰਚ ਕਿਵੇਂ ਸੀ, ਰਾਜੇ ਨਾਲ ਆਪਣੇ ਵਿਹਾਰਾਂ (ਅਤੇ ਬਾਅਦ ਦੀਆਂ ਘਟਨਾਵਾਂ) ਬਾਰੇ ਦੱਸਣ ਲੱਗਾ। ਉਹ **ਪਾਤਸ਼ਾਹ ਦਾ ਸਾਕੀ** ਸੀ। ਅੱਜ ਦਾ ਪਾਠਕ ''ਸਾਕੀ'' (*mashqeh*, *ਮਾਸ਼ਕੇ*) ਨੂੰ ਘਰ ਦੇ ਛੋਟੇ ਮੋਟੇ ਨੌਕਰ ਦੇ ਰੂਪ ਵਿਚ ਸੋਚਣ ਲਗ ਸਕਦਾ ਹੈ।[6] ਪਰ ਸਾਕੀ ਦਾ ਇਕ ਅਹਿਮ ਰੁਤਬਾ ਹੁੰਦਾ ਸੀ। ਉਸ ਜ਼ਮਾਨੇ ਵਿਚ ਰਾਜਿਆਂ ਦੇ ਕਤਲ ਕੀਤੇ ਜਾਣ ਦਾ ਹਮੇਸ਼ਾ ਖ਼ਤਰਾ ਰਹਿੰਦਾ ਸੀ। ਰਾਜੇ ਨੂੰ ਜ਼ਹਿਰ ਦਿੱਤੇ ਜਾਣ ਤੋਂ ਬਚਾਉਣ ਲਈ, ਸਾਕੀ ਦਾ ਕੰਮ ਉਸ ਦੇ ਦਾਖਰਸ ਦੀ ਚੋਣ ਕਰਨ, ਵਰਤਾਉਣ ਅਤੇ ਲੋੜ ਪੈਣ ਤੇ ਚੱਖਣ ਦੇ ਰਾਹੀਂ ਉਸ ਦੀ ਰੱਖਿਆ ਕਰਨਾ ਹੁੰਦਾ ਸੀ। ਇਸ ਕਰਕੇ ਸਾਕੀ ਇਕ ਭਰੋਸੇਮੰਦ ਸਾਥੀ ਹੁੰਦਾ ਸੀ ਜਿਸ ਦੀ ਪਹੁੰਚ ਸ਼ਹਿਨਸ਼ਾਹ ਤਕ ਹਰ ਵੇਲੇ ਹੁੰਦੀ ਸੀ। ਅਜਿਹੇ ਸ਼ਖ਼ਸ ਨੂੰ ਆਮ ਤੌਰ ਤੇ ਵਫ਼ਾਦਾਰੀ ਨਾਲ ਕੀਤੀ ਗਈ ਉਸਦੀ ਸੇਵਾ ਲਈ ਸਨਮਾਨਿਤ ਕੀਤਾ ਜਾਂਦਾ ਸੀ। ਯਹੂਦਾਹ ਦਾ ਹਾਕਮ ਬਣਨ ਤੋਂ ਪਹਿਲਾਂ ਨਹਮਯਾਹ ਜ਼ਰੂਰ ਕਿਸੇ ਉੱਚੇ ਅਹੁਦੇ ਤੇ ਹੋਵੇਗਾ। ਉਸ ਨੇ ਆਪਣੇ ਲੋਕਾਂ ਦੀ ਮਦਦ ਕਰਨ ਲਈ ਆਪਣਾ ਰੁਤਬਾ ਘਟਾਇਆ ਹੋਵੇਗਾ।

ਕੁਝ ਯੂਨਾਨੀ ਸੰਸਕਰਣਾਂ ਵਿੱਚੋਂ ਇਕ ਦੇ ਮਗਰ ਲੱਗਦਿਆਂ, ਕੁਝ ਟੀਕਾਕਾਰਾਂ ਨੇ ਅਨੁਵਾਦ ਹੋਏ ਸ਼ਬਦ ''ਸਾਕੀ'' ਦਾ ਅਰਥ ''ਖੋਜਾ'' ਦੱਸਿਆ ਹੈ ਅਤੇ ਨਿਚੋੜ ਕੱਢਿਆ ਹੈ ਕਿ ਰਾਜੇ ਦਾ ਸਾਕੀ ਹੋਣ ਕਰਕੇ, ਨਹਮਯਾਹ ਲਈ ਖੋਜਾ ਹੋਣਾ ਜ਼ਰੂਰੀ ਸੀ ਕਿਉਂ ਜੋ ਉਹਨੇ ਰਾਣੀ ਅਤੇ ਰਾਜੇ ਦੇ ਹਰਮ ਵਿਚ ਰਹਿਣਾ ਹੁੰਦਾ ਸੀ।[7] ਖੋਜਾ ਹੋਣ ਦੇ ਵਿਚਾਰ ਤੋਂ ਪਤਾ ਲਗ ਸਕਦਾ ਹੈ ਕਿ ਨਹਮਯਾਹ ਨੇ ਬਾਰ-ਬਾਰ ਕਿਉਂ ਕਿਹਾ, ''ਮੈਨੂੰ ਚੇਤੇ ਕਰ'' (5:19; 13:14, 22, 31)। ਉਸ ਦੀ ਕੋਈ ਔਲਾਦ ਨਹੀਂ ਸੀ, ਇਸ ਕਰਕੇ ਚੇਤੇ ਜਾਂ ਯਾਦ ਕਰਨ ਦੀ ਉਮੀਦ ਉਹ ਇੱਕੋ ਤਰੀਕੇ ਨਾਲ ਕਰ ਸਕਦਾ ਸੀ ਕਿ ਉਸ ਨੂੰ ਜੋ ਉਸਨੇ ਕੀਤਾ ਜਾਂ ਲਿਖਿਆ ਯਾਦ ਰੱਖਿਆ ਜਾਵੇ, ਪਰ ਇਹ ਸੰਭਾਵਨਾ ਬਹੁਤੀ ਹੈ ਕਿ ਇਨ੍ਹਾਂ ਟੀਕਾਕਾਰਾਂ ਵੱਲੋਂ ਯੂਨਾਨੀ ਸੰਸਕਰਣ ਨੂੰ ਮੰਨਣ ਦੀ ਗਲਤੀ ਹੋ ਸਕਦੀ ਹੈ ਅਤੇ ਇਹ ਕਿ ਜਿਵੇਂ ਕਿ ਨਹਮਯਾਹ ''ਸਾਕੀ'' (*oinochoos*, *ਓਇਨੋਕੂਸ*) ਹੀ ਸੀ, ਨਾ ਕਿ ''ਖੋਜਾ'' (*eunouchos*, *ਯੂਨੋਖੋਸ*)। ਇਸ ਸੁਝਾਅ ਦੀ ''ਸੰਭਾਵਨਾ ਬਹੁਤ ਘੱਟ ਹੈ ਕਿ ਨਹਮਯਾਹ ਖੋਜਾ ਸੀ

ਕਿਉਂ ਜੋ ਯਹੂਦੀ ਬਰਾਦਰੀ ਵਿਚ ਖੱਸੀ ਕੀਤੇ ਜਾਣ ਦਾ ਮਤਲਬ ਲੀਡਰ ਦੇ ਰੂਪ ਵਿਚ ਨਾਕਬੂਲ ਹੋਣਾ ਸੀ (ਬਿਵਸਥਾ ਸਾਰ 23:1)।''[8]

## ਪ੍ਰਾਸੰਗਿਕਤਾ

**ਪ੍ਰਭਾਵਸ਼ਾਲੀ ਲੀਡਰਸ਼ਿਪ: ਕਾਬਲੀਅਤ (ਅਧਿਆਇ 1)**

ਪ੍ਰਭਾਵਸ਼ਾਲੀ ਲੀਡਰ ਦਾ ਸਨਮਾਨ ਇਸ ਕਰਕੇ ਹੁੰਦਾ ਹੈ ਕਿਉਂ ਜੋ ਉਸ ਨੇ ਆਪਣੇ ਅੰਦਰ ਸੁਭਾਵਕ ਯੋਗਤਾਵਾਂ ਪੈਦਾ ਕਰ ਲਈਆਂ ਹਨ ਅਤੇ ਆਪਣੇ ਆਪ ਨੂੰ ਸਮਰਪਿਤ, ਭਰੋਸੇਯੋਗ ਅਤੇ ਵਫ਼ਾਦਾਰ ਸਾਬਿਤ ਕੀਤਾ ਹੈ। ਰਾਜਾ ਅਰਤਹਸ਼ਸ਼ਤਾ ਪਹਿਲੇ ਵੱਲੋਂ ਹਾਕਮ ਠਹਿਰਾਏ ਜਾਣ ਅਤੇ ਸ਼ਹਿਰਪਨਾਹ ਨੂੰ ਬਣਾਉਣ ਲਈ ਯਰੂਸ਼ਲਮ ਨੂੰ ਘੱਲੇ ਜਾਣ ਤੋਂ ਬਾਅਦ ਨਹਮਯਾਹ ਕਾਬਲ ਲੀਡਰ ਦੇ ਰੂਪ ਵਿਚ ਪ੍ਰਸਿੱਧ ਹੋ ਗਿਆ। ਪਰ ''ਪਾਤਸ਼ਾਹ ਦਾ ਸਾਕੀ'' ਦੇ ਰੂਪ ਵਿਚ ਆਪਣੀ ਕਾਬਲੀਅਤ ਉਸ ਨੇ ਪਹਿਲਾਂ ਹੀ ਸਾਬਿਤ ਕਰ ਦਿੱਤੀ ਸੀ (1:11)। ਇਹ ਇਕ ਅਹਿਮ ਅਤੇ ਰਸੂਖ਼ ਵਾਲਾ ਅਹੁਦਾ ਸੀ। ਉਸ ਦੀ ਪਹੁੰਚ ਰਾਜੇ ਤਕ ਸੀ[9] ਅਤੇ ਇਹਦੇ ਲਈ ਬਿਲਕੁਲ ਭਰੋਸੇ ਦੇ ਯੋਗ ਹੋਣਾ ਜ਼ਰੂਰੀ ਸੀ। ਰਾਜੇ ਦੀ ਜ਼ਿੰਦਗੀ ਸਾਕੀ ਦੇ ਹੁਨਰ ਅਤੇ ਵਫ਼ਾਦਾਰੀ ਉੱਤੇ ਨਿਰਭਰ ਸੀ। ਜੇ ਉਹ ਵਫ਼ਾਦਾਰ ਨਾ ਹੁੰਦਾ ਤਾਂ ਰਾਜੇ ਨੂੰ ਉਹਦੇ ਦੁਸ਼ਮਣਾਂ ਵੱਲੋਂ ਜ਼ਹਿਰ ਦਿੱਤਾ ਜਾ ਸਕਦਾ ਸੀ (ਅਤੇ ਕਈ ਵਾਰ ਰਾਜਿਆਂ ਨੂੰ ਜ਼ਹਿਰ ਦੇ ਵੀ ਦਿੱਤਾ ਜਾਂਦਾ ਸੀ)।

ਨਹਮਯਾਹ ਨੇ ਅਜਿਹਾ ਰੁਤਬਾ ਕਿਵੇਂ ਪਾਇਆ? ਵਚਨ ਇਹ ਨਹੀਂ ਦੱਸਦਾ। ਅਸੀਂ ਐਨਾ ਜਾਣਦੇ ਹਾਂ ਕਿ ਉਸ ਤੋਂ ਪਹਿਲਾਂ ਉਹ ਹੋਰ ਇਕ ਯਹੂਦੀ ਖ਼ਾਸਕਰ ਦਾਨੀਏਲ, ਦਾਨੀਏਲ ਦੇ ਤਿੰਨ ਦੋਸਤ (ਦਾਨੀਏਲ 1:19), ਅਤੇ ਮਾਰਦਕਈ (ਅਸਤਰ 8:2) ਬਾਬਲ ਅਤੇ/ਜਾਂ ਫ਼ਾਰਸ ਦੀ ਸਰਕਾਰ ਵਿਚ ਇਖ਼ਤਿਆਰ ਅਤੇ ਰਸੂਖ਼ ਦੇ ਅਹੁਦਿਆਂ ਤੇ ਪੁੱਜੇ ਸਨ। ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਨਹਮਯਾਹ ਬਾਬਲ ਵਿਚ ਕਿਸੇ ਰਸੂਕਦਾਰ ਅਤੇ ਅਮੀਰ ਯਹੂਦੀ ਪਰਿਵਾਰ ਵਿੱਚੋਂ ਸੀ (ਵੇਖੋ 5:14–19)।[10] ਸ਼ਾਇਦ ਸਕੂਲ ਜਾਂ ਕਾਰੋਬਾਰ ਵਿਚ ਉਸ ਦੀ ਕਾਬਲੀਅਤ ਨੇ ਰਾਜੇ ਜਾਂ ਰਾਜੇ ਦੇ ਸਲਾਹਕਾਰਾਂ ਦਾ ਧਿਆਨ ਖਿੱਚਿਆ। ਆਪਣੇ ਹਰ ਕੰਮ ਵਿਚ ਉਹ ਲਿਆਕਤ ਅਤੇ ਨੇਕਨੀਤੀ ਵਿਖਾਉਂਦਾ ਹੋਵੇਗਾ। ਸਿਰਫ਼ ਅਜਿਹੇ ਪਰਿਚੈ ਪੱਤਰਾਂ ਨਾਲ ਹੀ ਕੋਈ ਰਾਜੇ ਦਾ ਸਾਕੀ ਲਗ ਸਕਦਾ ਸੀ। ਉਸ ਅਹੁਦੇ ਤੇ ਲੱਗੇ ਰਹਿਣ ਲਈ ਉਹਦੀ ਸੇਵਾ ਸ਼ਾਨਦਾਰ ਹੋਣੀ ਜ਼ਰੂਰੀ ਸੀ।

ਰਾਜੇ ਨੇ ਆਪ ਵੀ ਇਹ ਵੇਖ ਕੇ ਕਿ ਪਹਿਲੀ ਵਾਰ ਉਹਦੇ ਸਾਹਮਣੇ ਉਹਦਾ ਸਾਕੀ ਉਦਾਸ ਨਹਮਯਾਹ ਦੇ ਹਾਵ ਭਾਵ ਵੇਖ ਕੇ ਇਵੇਂ ਹੀ ਉਸ ਦੀ ਇੱਜ਼ਤ ਕੀਤੀ ਸੀ (2:2)। ਜ਼ਾਹਿਰ ਹੈ ਕਿ ਸਾਕੀ ਦਾ ਇਕ ਕੰਮ ਹੌਸਲਾ ਵਧਾਊ ਸਾਥੀ ਬਣਨ ਦਾ ਹੋਣਾ ਸੀ ਅਤੇ ਨਹਮਯਾਹ ਆਪਣੇ ਇਸ ਕੰਮ ਨੂੰ ਹਮੇਸ਼ਾ ਪੂਰਾ ਕਰਦਾ ਸੀ।

ਅੱਜ ਕਲੀਸੀਆ ਵਿਚ ਖ਼ੁਦਾ ਦੇ ਲੋਕਾਂ ਦੇ ਲੀਡਰ ਹੋਣ ਲਈ ਕਾਬਲ ਲੋਕਾਂ ਦਾ ਹੋਣਾ ਜ਼ਰੂਰੀ ਹੈ। ਖ਼ੁਦਾ ਵੱਲੋਂ ਪੌਲੁਸ ਦੀ ਚੋਣ ਤੋਂ ਇਹ ਪਤਾ ਲਗਦਾ ਹੈ ਕਿ ਉਹਦੇ ਇੱਜੜ ਨੂੰ ਚਾਰਣ ਲਈ ਵੱਡੀ ਯੋਗਤਾ ਵਾਲੇ ਲੋਕ ਹੋਣੇ ਜ਼ਰੂਰੀ ਹਨ। ਮਸੀਹੀ ਲੀਡਰ ਹੋਣ ਲਈ ''ਕਾਬਲ'' ਵਿਅਕਤੀ ਹੋਣ ਦੀ ਲੋੜ (1 ਕੁਰਿੰਥੀਆਂ 6:5; NJB), ਵਿਚ ਐਲਡਰ ਲਈ ''ਬਾਹਰ ਵਾਲਿਆਂ ਦੇ ਕੋਲੋਂ ਉਹਦੀ ਨੇਕਨਾਮੀ ਹੋਵੇ'' ਦੀ ਸ਼ਰਤ ਵਿਚ ਮਿਲ ਸਕਦੀ ਹੈ (1 ਤਿਮੋਥਿਉਸ 3:7)। ਇਸੇ ਤਰ੍ਹਾਂ ਪ੍ਰਚਾਰਕ ਲਈ ਵੀ ਜ਼ਰੂਰੀ ਹੈ ਕਿ ਉਹ ''ਨਿਹਚਾਵਾਨਾਂ ਲਈ ਨਮੂਨਾ'' ਬਣੇ (1 ਤਿਮੋਥਿਉਸ 4:12)।

ਅੱਜ ਜੋ ਕੋਈ ਲੀਡਰ ਬਣਨ ਦਾ ਚਾਹਵਾਨ ਹੋਵੇ, ਉਹਦੇ ਲਈ ਪਹਿਲਾਂ ਆਪਣੀ ''ਖ਼ਬਰਦਾਰੀ'' (ਕਰਤੱਬ 20:28) ਕਰਨੀ ਜ਼ਰੂਰੀ ਹੈ। ਦੂਜਿਆਂ ਵੱਲੋਂ ਉਸ ਨੂੰ ਭਰੋਸੇਯੋਗ ਅਤੇ ਇਤਬਾਰਯੋਗ

ਐਲਾਨਿਆ ਜਾਵੇ। ਉਹ ਨੂੰ ਆਪਣੇ ਅੰਦਰ ਗੁਣ ਪੈਦਾ ਕਰਕੇ ਉਨ੍ਹਾਂ ਨੂੰ ਵਰਤਣ ਦੀ ਕੋਸ਼ਿਸ ਕਰੇ, ਮਿਲੇ ਮੌਕਿਆਂ ਦਾ ਫ਼ਾਇਦਾ ਚੁੱਕਣਾ ਅਤੇ ਹਰ ਕੰਮ ਵਿਚ ਕਾਮਯਾਬੀ ਦੀ ਚਾਹ ਰੱਖਣਾ ਜ਼ਰੂਰੀ ਹੈ। ਪੁਰਾਣੀ ਕਹਾਵਤ ਕਿ ''ਜੇ ਕੋਈ ਕੰਮ ਕਰੋ, ਤਾਂ ਉਹ ਨੂੰ ਸਹੀ ਕਰੋ,'' ਲੀਡਰ ਬਣਨ ਦੀ ਚਾਹ ਵਾਲੇ ਵਿਅਕਤੀ ਲਈ ਯਾਦ ਰੱਖਣ ਲਈ ਇਹ ਚੰਗਾ ਵਾਕ ਹੈ। ਕਲੀਸੀਆ ਦੇ ਹੋਣ ਵਾਲੇ ਲੀਡਰ ਲਈ ''ਕਾਬਲ ਵਿਅਕਤੀ'' ਹੋਣ ਦਾ ਮਤਲਬ ਇਕ ਵਫ਼ਾਦਾਰ ਮਸੀਹੀ ਬਣਨਾ ਹੈ ਜਿਹੜਾ ਰੂਹਾਨੀ ਤੌਰ ਤੇ ਆਪਣੀ ਉੱਚਤਮ ਸਮਰਥਾ ਕਰਕੇ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ।

ਬੇਸ਼ੱਕ ਉਸ ਅਰਥ ਵਿਚ ਅਸੀਂ ਇਸ ਸ਼ਬਦ ਦੀ ਵਰਤੋਂ ਕਰ ਰਹੇ ਹਾਂ, ਲੀਡਰ ਬਣਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਨਾ ਹੀ ਹਰ ਕਿਸੇ ਵਿਚ ਲੀਡਰਸ਼ਿਪ ਦਾ ਗੁਣ ਹੁੰਦਾ ਹੈ। ਕਲੀਸੀਆ ਵਿਚ ਹਰ ਤਰ੍ਹਾਂ ਦੇ ਲੋਕਾਂ ਦੀ ਥਾਂ ਹੈ। ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਸਾਰਿਆਂ ਨੂੰ ਇੱਕੋ ਜਿਹੇ ਹੋਣ ਦੀ ਲੋੜ ਨਹੀਂ। ਸਾਡਾ ਹਰ ਕਿਸੇ ਦਾ ਵੱਖੋ-ਵੱਖ ਪਿਛੋਕੜ ਅਤੇ ਸ਼ਖ਼ਸੀਅਤ ਹੈ।

ਫਿਰ ਵੀ ਹਰ ਮਸੀਹੀ ਨੂੰ ਕੁਝ ਗੱਲਾਂ ਸਾਂਝੀਆਂ ਮਿਲੀਆਂ ਹਨ। ਸਾਨੂੰ ਸਾਰਿਆਂ ਨੂੰ ਖ਼ੁਦਾ ਵੱਲੋਂ ਯੋਗਤਾਵਾਂ ਦਿੱਤੀਆਂ ਗਈਆਂ ਸਨ ਅਤੇ ਸਾਡੇ ਵਿੱਚੋਂ ਹਰ ਕਿਸੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੀ ਵਰਤੋਂ ਖ਼ੁਦਾ ਦੀ ਵਡਿਆਈ ਅਤੇ ਮਨੁੱਖਤਾ ਦੀ ਸੇਵਾ ਲਈ ਕਰੀਏ। ਜੋ ਕੁਝ ਅਸੀਂ ਹੋ ਸਕਦੇ ਹਾਂ ਭਾਵ ਵੱਧ ਤੋਂ ਵੱਧ ਕਾਬਲ ਅਤੇ ਜਿੰਨਾਂ ਹੋ ਸਕੇ, ਪ੍ਰਭਾਸ਼ਾਲੀ ਲੋਕ ਬਣਨ ਲਈ ਸਾਨੂੰ ਵੱਧ ਤੋਂ ਵੱਧ ਉਹ ਬਣਨਾ ਜ਼ਰੂਰੀ ਹੈ ਜੋ ਯਿਸੂ ਸਾਨੂੰ ਬਣਾਉਣਾ ਚਾਹੁੰਦਾ ਹੈ।

**ਦੁਆ ਵਿਚ ਹਠ** (1:4)

ਨਹਮਯਾਹ ਨੇ ਚਾਰ ਮਹੀਨੇ ਤਕ ਸੋਗ ਕੀਤਾ ਅਤੇ ਦੁਆ ਕੀਤੀ। ''ਕਿਸਲੇਵ ਦੇ ਮਹੀਨੇ'' ਯਰੂਸ਼ਲਮ ਦੀ ਬੁਰੀ ਖ਼ਬਰ ਦੇ ਸੁਣਨ ਤੋਂ ਲੈ ਕੇ ਨੌਂਵੇਂ ਮਹੀਨੇ, ਨੀਸਾਨ ਦੇ ਮਹੀਨੇ ਭਾਵ ਪਹਿਲੇ ਮਹੀਨੇ ਤਕ ਉਹ ਇਵੇਂ ਹੀ ਰਿਹਾ (1:1)। ਫਿਰ ਉਹ ਸ਼ਹਿਰਪਨਾਹ ਨੂੰ ਬਣਾਉਣ ਵਿਚ ਯਹੂਦੀਆਂ ਦੀ ਅਗਵਾਈ ਵਿਚ ਯਰੂਸ਼ਲਮ ਨੂੰ ਵਾਪਸ ਜਾਣ ਦੀ ਸੰਭਾਵਨਾ ਦੀ ਗੱਲ ਨੂੰ ਲੈ ਕੇ ਰਾਜੇ ਕੋਲ ਪੁੱਜਿਆ (2:1)। ਦੁਆ ਵਿਚ ਉਸਦੇ ਹਠ ਦੇ ਚੰਗੇ ਨਤੀਜੇ ਮਿਲੇ। ਫ਼ਾਰਸੀ ਰਾਜਾ ਉਸ ਨੂੰ ਸ਼ਹਿਰਪਨਾਹ ਨੂੰ ਬਣਾਉਣ ਲਈ ਯਰੂਸ਼ਲਮ ਵਾਪਸ ਜਾਣ ਦੇਣ ਲਈ ਮੰਨ ਗਿਆ।

ਯਿਸੂ ਨੇ ਦੁਆ ਵਿਚ ਹਠ ਦੀ ਲੋੜ ਦੱਸੀ (ਲੂਕਾ 18:1-8)। ਭਲਾ ਅਸੀਂ ਦੁਆ ਵਿਚ ਲੱਗੇ ਰਹਿੰਦੇ ਹਾਂ (ਵੇਖੋ ਰੋਮੀਆਂ 12:12; 1 ਥੱਸਲੁਨੀਕੀਆਂ 5:17), ਜਾਂ ਅਸੀਂ ਆਪਣੀ ਲੋੜ ਲਈ ਖ਼ੁਦਾ ਕੋਲੋਂ ਮੰਗ ਕੇ ਇੱਕੋ ਵਾਰੀ ਸੰਤੁਸ਼ਟ ਹੋ ਜਾਂਦੇ ਹਾਂ? ਯਿਸੂ ਨੇ ਸਾਰੀ ਰਾਤ ਦੁਆ ਕੀਤੀ (ਲੂਕਾ 6:12)। ਭਲਾ ਅਸੀਂ ਕਦੇ ਇਵੇਂ ਕੀਤਾ ਹੈ?

**ਪ੍ਰੇਮ ਜੋ ਕੁਝ ਕਰਦਾ ਹੈ** (1:5)

ਖ਼ੁਦਾ ਹਰ ਕਿਸੇ ਨੂੰ ਬਰਕਤ ਦਿੰਦਾ ਹੈ। ਸਭ ਲੋਕ ਉਸ ਦੀ ਸ਼ੁਕਰਗੁਜ਼ਾਰੀ ਅਤੇ ਸੇਵਾ ਕਰਨ ਦੇ ਦੇਣਦਾਰ ਹਨ ਕਿਉਂ ਜੋ ਉਹ ਹਰ ਕਿਸੇ ਨੂੰ ਹਰ ਉਹ ਚੀਜ਼ ਦਿੰਦਾ ਹੈ ਜਿਹੜੀ ਜ਼ਿੰਦਗੀ ਵਿਚ ਚੰਗੀ ਹੈ। ਪੌਲੁਸ ਨੇ ਆਖਿਆ, ''ਉਹ ਸਭਨਾਂ ਨੂੰ ਜੀਉਣ, ਸਵਾਸ ਅਤੇ ਸੱਭੋ ਕੁਝ ਦਿੰਦਾ ਹੈ'' (ਕਰਤੱਬ 17:25)।

ਫਿਰ ਵੀ ਖ਼ੁਦਾ ਲੋਕਾਂ ਦੀ ਇਕ ਖ਼ਾਸ ਜਮਾਤ ਨੂੰ ਖ਼ਾਸ ਤਰੀਕੇ ਨਾਲ ਬਰਕਤ ਦਿੰਦਾ ਹੈ। ਜਿਵੇਂ ਕਿ ਨਹਮਯਾਹ ਨੇ ਆਖਿਆ, ਉਹ ''ਆਪਣੇ ਪ੍ਰੇਮੀਆਂ ਅਤੇ ਆਪਣੇ ਹੁਕਮ ਮੰਨਣ ਵਾਲਿਆਂ'' ਨੂੰ ਬਰਕਤ ਦਿੰਦਾ ਹੈ (1:5)। ਮੁਕਤੀ ਦੀ ਖ਼ੁਦਾ ਦੀ ਬਰਕਤ ਹਮੇਸ਼ਾ ਤੋਂ ਉਨ੍ਹਾਂ ਲੋਕਾਂ ਤਕ ਸੀਮਿਤ ਰਹੀ ਹੈ ਜਿਹੜੇ ਉਸ ਨੂੰ ਪਿਆਰ ਕਰਦੇ ਅਤੇ ਉਸ ਦੀ ਗੱਲ ਨੂੰ ਮੰਨਦੇ ਹਨ। ਮਸੀਹੀ ਯੁੱਗ ਵਿਚ ਵੀ ਇਵੇਂ ਹੀ ਹੈ। ਖ਼ੁਦਾ ਨੇ ਭਾਵੇਂ ਦੁਨੀਆਂ ਨੂੰ ਬਚਾਉਣ ਲਈ ''ਆਪਣਾ ਇਕਲੌਤਾ ਪੁੱਤਰ ਦੇ ਦਿੱਤਾ'' ਪਰ

ਯਿਸੂ ਦੀ ਛੁਟਕਾਰਾ ਦੁਆਉਣ ਵਾਲੀ ਕੁਰਬਾਨੀ ਨਾਲ ਬਚਾਏ ਸਿਰਫ਼ ਉਹੀ ਲੋਕ ਜਾਣਗੇ, ਜਿਹੜੇ ਉਸ ਵਿਚ ਨਿਹਚਾ ਕਰਕੇ ਉਸ ਦੀ ਇੰਜੀਲ ਦਾ ਹੁਕਮ ਮੰਨਦੇ ਹਨ (ਯੂਹੰਨਾ 3:16, 17)।

ਖ਼ੁਦਾ ਦੇ ਖ਼ਾਸ ਵਾਅਦੇ ਸਿਰਫ਼ ''ਉਹਦਾ ਹੁਕਮ ਮੰਨਣ ਵਾਲਿਆਂ'' ਲਈ ਹਨ। ਕਈਆਂ ਨੂੰ ਇਹ ਮੰਨ ਲੈਣਾ ਅਸਾਨ ਲਗਦਾ ਹੈ ਕਿ ਖ਼ੁਦਾ ਨੂੰ ਪਿਆਰ ਕਰਨਾ ਜ਼ਰੂਰੀ ਹੈ, ਕਿਉਂ ਜੋ ਯਿਸੂ ਨੇ ਕਿਹਾ ਕਿ ਅਜਿਹਾ ਪਿਆਰ ਸਭ ਤੋਂ ਵੱਡਾ ਹੁਕਮ ਹੈ (ਮੱਤੀ 22:37, 38), ਪਰ ਉਨ੍ਹਾਂ ਨੂੰ ਇਹ ਵਿਚਾਰ ਮੰਨਣਾ ਔਖਾ ਲਗਦਾ ਹੈ ਕਿ ਹੁਕਮ ਮੰਨਣਾ ਜ਼ਰੂਰੀ ਹੈ। ਖ਼ੁਦਾ ਲਈ ਪਿਆਰ ਵਿਚ ਹਮੇਸ਼ਾ ਉਸ ਦਾ ਹੁਕਮ ਮੰਨਣਾ ਸ਼ਾਮਿਲ ਰਿਹਾ ਹੈ। ਬਿਵਸਥਾ ਸਾਰ ਜਿਸ ਵਿਚ ''ਸਭ ਤੋਂ ਵੱਡਾ ਹੁਕਮ'' ਹੈ (ਬਿਵਸਥਾ ਸਾਰ 6:5), ਹੁਕਮ ਮੰਨੇ ਜਾਣ ਦੀ ਲੋੜ ਤੇ ਜ਼ੋਰ ਦਿੰਦਾ ਹੈ। ਖ਼ੁਦਾ ਦੇ ਹੁਕਮਾਂ ਨੂੰ ਮੰਨੇ ਜਾਣ ਦਾ ਸੱਦਾ ਪੁਰਾਣੇ ਨੇਮ ਦੀ ਕਿਸੇ ਵੀ ਹੋਰ ਕਿਤਾਬ ਨਾਲੋਂ ਸ਼ਾਇਦ ਬਿਵਸਥਾ ਸਾਰ ਵਿਚ ਸਭ ਤੋਂ ਮਜ਼ਬੂਤ ਹੈ (ਉਦਾਹਰਣ ਲਈ ਵੇਖੋ, ਬਿਵਸਥਾ ਸਾਰ 10:12, 13)। ਇਵੇਂ ਹੀ ਯਿਸੂ ਨੇ ਆਖਿਆ, ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਣਾ ਕਰੋ'' (ਯੂਹੰਨਾ 14:15; ਵੇਖੋ ਯੂਹੰਨਾ 15:14)। ਅੱਜ ਹਰ ਕਿਸੇ ਲਈ ਉਹਦਾ ਹੁਕਮ ਹੈ ਕਿ ਉਹ ਤੋਬਾ ਕਰੇ (ਕਰਤੱਬ 17:30; 26:20) ਅਤੇ ਇੰਜੀਲ ਦਾ ਹੁਕਮ ਮੰਨੇ, ਮਸੀਹ ਨੂੰ ਖ਼ੁਦਾ ਦਾ ਬੇਟਾ ਹੋਣਾ ਇਕਰਾਰ ਕਰੇ (ਰੋਮੀਆਂ 10:9, 10) ਅਤੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲਵੇ (ਕਰਤੱਬ 2:38; 22:16)।

ਕੀ ਤੁਸੀਂ ਖ਼ੁਦਾ ਤੋਂ ਬਰਕਤ ਲੈਣਾ ਚਾਹੁੰਦੇ ਹੋ? ਤੇ ਫਿਰ ਤੁਹਾਡੇ ਲਈ ਉਹ ਨੂੰ ਪਿਆਰ ਕਰਨਾ ਜ਼ਰੂਰੀ ਹੈ! ਨਾਲੇ ਖ਼ੁਦਾ ਲਈ ਤੁਹਾਡਾ ਪਿਆਰ ਯਿਸੂ ਮਸੀਹ ਦਾ ਹੁਕਮ ਮੰਨੇ ਜਾਣ ਵਿਚ ਵਿਖਾਇਆ ਜਾਣਾ ਜ਼ਰੂਰੀ ਹੈ!

---

ਟਿੱਪਣੀਆਂ

[1]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 680 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ– ਨਹਮਯਾਹ।'' [2]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ*, ਸੋਧਿਆ ਅੰਕ, ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1986), 3:513 ਵਿਚ ਵੇਖੋ ਕਾਰਲ ਐਡਵਿਨ ਅਮਰਡਿੰਗ ਐਂਡ ਰੋਲੈਂਡ ਕੇ. ਹੈਰਿਸਨ, ''ਨਹਮਯਾਹ।'' [3]ਇਨ੍ਹਾਂ ਲੋਕਾਂ ਦਾ ਸ਼ੂਸ਼ਨ ਵਿਚ ਆਉਣਾ ਸੁਝਾਅ ਦਿੰਦਾ ਹੈ ਕਿ ਬਾਬਲ ਦੀ ਅਸੀਰੀ ਤੋਂ ਬਾਅਦ ਯਹੂਦਾਹ ਅਤੇ ਫ਼ਾਰਸ ਵਿਚਕਾਰ ਆਉਣਾ ਜਾਣਾ ਆਮ ਨਹੀਂ ਰਿਹਾ। [4]ਲੈਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਅਸਤਰ*, ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003), 91. ਸ਼ੂਸ਼ਨ ਅਸਤਰ ਦੀ ਕਹਾਣੀ ਲਈ ਵੀ ਪਿਛੋਕੜ ਸੀ (ਵੇਖੋ ਅਸਤਰ 1:2)। [5]ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 139. [6]KJV ਵਿਚ ਵੀ ਯੂਸੁਫ਼ ਦੀ ਕਹਾਣੀ ਵਿਚ ਇਸੇ ਸ਼ਬਦ ਲਈ ''ਸਾਕੀ'' (ਲਈ ***butler***) ਵਰਤਿਆ ਗਿਆ ਹੈ (ਉਤਪਤ 40:1, 2)। [7]ਜੇਕਬ ਐੱਮ. ਮਾਇਰਸ, *ਅਜ਼ਰਾ, ਨਹਮਯਾਹ*, ਦ ਐਂਕਰ ਬਾਈਬਲ, ਜਿਲਦ 14 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰ., 1965), 96. [8]ਸ਼ੋਵਿੱਲ 144. [9]ਅਸਤਰ ਦੀ ਕਿਤਾਬ ਤੋਂ ਬਾਦਸ਼ਾਹ ਤਕ ਪਹੁੰਚਣ ਦੀ ਮੁਸ਼ਕਿਲ ਦਾ ਪਤਾ ਲਗਦਾ ਹੈ (ਅਸਤਰ 4:1–5:4)। [10]ਯਹੂਦੀਆਂ ਨੂੰ ਭਾਵੇਂ ਬਾਬਲ ਵਿਚ ਬੰਦੀ ਬਣਾ ਕੇ ਲਿਜਾਇਆ ਗਿਆ ਸੀ, ਪਰ ਉਨ੍ਹਾਂ ਵਿੱਚੋਂ ਕਈਆਂ ਨੇ ਉੱਥੇ ਕਾਫ਼ੀ ਤਰੱਕੀ ਕਰ ਲਈ ਸੀ।